78360(P)

ਆਰ.ਬੀ.ਆਈ./2007-2008/59

ਪ੍ਰਮੁਖ ਮਾਸਟਰ ਸਰਕੂਲਰ ਨੰ: 03/2007-08

ਜੁਲਾਈ 2, 2007

ਵਿਦੇਸ਼ੀ ਮੁੱਦਰਾ ਵਿਚ ਕਾਰੋਬਾਰ ਕਰਨ ਲਈ ਅਧਿਕ੍ਰਿਤ ਸਾਰੇ ਬੈਂਕਾਂ ਨੂੰ

ਸ੍ਰੀਮਾਨ/ਸ੍ਰੀਮਤੀ ਜੀ,

*ਨਾਨ-ਰੈਜੀਡੈਂਟ ਆਰਡੀਨਰੀ ਰੁਪੀ (ਐਨਆਰਓ)ਖ਼ਾਤੇ ਬਾਰੇ ਪ੍ਰਮੁੱਖ ਸਰਕੂਲਰ*

ਭਾਰਤ ਤੋਂ ਬਾਹਰ ਰਹਿਣ ਵਾਲੇ ਵਿਅਕਤੀਆਂ ਤੋਂ ਕਿਸੇ ਅਧਿਕ੍ਰਿਤ ਡੀਲਰਾਂ/ਅਧਿਕ੍ਰਿਤ ਬੈਂਕ ਦੁਆਰਾ ਸਵੀਕਾਰ ਕੀਤੀਆਂ ਜਮ੍ਹਾਂ ਰਾਸ਼ੀਆਂ ਨੂੰ ਫਾਰਨ ਐਕਸਚੇਂਜ ਮੈਨੇਜਮੈਂਟ ਐਕਟ, 1999 ਦੇ ਸੈਕਸ਼ਨ 6 ਦੇ ਸਬ ਸੈਕਸ਼ਨ (1) ਅਤੇ (2) ਦੀਆਂ ਸ਼ਰਤਾਂ ਨੂੰ ਫੇਮਾ ਨੋਟੀਫਿਕੇਸ਼ਨ ਨੰ:5/2000 ਆਰ ਬੀ ਮਿਤੀ 3 ਮਈ, 2000 ਵਿਚ ਸਮੇਂ ਸਮੇਂ ਤੇ ਕੀਤੀਆਂ ਸੋਧਾਂ ਨਾਲ ਪੜ੍ਹਦੇ ਹੋਏ, ਨਿਯਮਿਤ ਕੀਤਾ ਜਾਂਦਾ ਹੈ।

2. ਇਹ ਮਾਸਟਰ ਸਰਕੂਲਰ "ਨਾਨ ਰੈਜੀਡੈਂਟ ਆਰਡੀਨਰੀ ਰੁਪੀ (ਐਨ ਆਰ ਓ) ਖਾਤਾ " ਵਿਸ਼ੇ ਤੇ ਵਰਤਮਾਨ ਹਦਾਇਤਾਂ ਨੂੰ ਇਕ ਥਾਂ ਇਕੱਠਾ ਕਰਦਾ ਹੈ। ਇਸ ਮਾਸਟਰ ਸਰਕੂਲਰ ਵਿਚ ਇੱਕਠੀਆਂ ਕੀਤੀਆਂ ਨੋਟੀਫਿਕੇਸ਼ਨਾਂ/ਸਰਕੂਲਰਾਂ ਦੀ ਸੂਚੀ ਅੰਤਿਕਾ ਵਿਚ ਦਿੱਤੀ ਗਈ ਹੈ।

3. ਇਹ ਮਾਸਟਰ ਸਰਕੂਲਰ ਸੂਰਜ ਡੁੱਬਣ ਤੋਂ ਇਕ ਸਾਲ ਦੀ ਅਵਧੀ ਦੀ ਸ਼ਰਤ ਨਾਲ ਜਾਰੀ ਕੀਤਾ ਜਾ ਰਿਹਾ ਹੈ। ਇਹ ਸਰਕੂਲਰ 1 ਜੁਲਾਈ, 2008 ਨੂੰ ਵਾਪਸ ਲੈ ਲਿਆ ਗਿਆ ਸਮਝਿਆ ਜਾਵੇਗਾ ਅਤੇ ਇਸ ਦੀ ਥਾਂ ਇਸ ਵਿਸ਼ੇ ਤੇ ਇਕ ਅਪਡੇਟੇਡ ਮਾਸਟਰ ਸਰਕੂਲਰ ਲਿਆਂਦਾ ਜਾਵੇਗਾ।

ਆਪ ਜੀ ਦਾ ਵਿਸ਼ਵਾਸਪਾਤਰ

ਸਹੀ/-

*(ਸਲੀਮ ਗੰਗਾਧਰਨ)*

ਮੁੱਖ ਜਨਰਲ ਮੈਨੇਜਰ

## ਤਤਕਰਾ


| | | |
|---|---|---|
| 1. | ਪਰਿਭਾਸ਼ਾ | 4 |
| 2. | ਯੋਗਤਾ | 4 |
| 3. | ਖਾਤਿਆਂ ਦੀਆਂ ਕਿਸਮਾਂ | 5 |
| 4. | ਨਿਵਾਸੀਆਂ/ਪ੍ਰਵਾਸੀਆਂ ਨਾਲ ਸੰਯੁਤ ਖ਼ਾਤੇ | 5 |
| 5. | ਉਚਿੱਤ ਜਮ੍ਹਾਂ ਖਰਚ | 5 |
| 6. | ਸੰਪੱਤੀਆਂ ਨੂੰ ਭਿਜਵਾਉਣਾ | 6 |
| 7. | ਭਾਰਤ ਯਾਤਰਾ ਤੇ ਆਏ ਗੈਰਭਾਰਤੀ ਮੂਲ ਦੇ ਵਿਦੇਸ਼ ਨਾਗਰਿਕ | 8 |
| 8. | ਖਾਤਾ ਧਾਰਕਾਂ ਅਤੇ ਤੀਜੀਆਂ ਧੀਰਾਂ ਨੂੰ ਅਧਿਕ੍ਰਿਤ ਡੀਲਰ ਬੈਂਕ ਦੁਆਰਾ ਕਰਜ਼ਿਆਂ/ਓਵਰਡਰਾਫਟਾਂ ਦੀ ਮਨਜ਼ੂਰੀ | 9 |
| 9. | ਖਾਤਾ ਧਾਰ ਦੇ ਨਿਵਾਸੀ ਦਰਜੇ ਵਿਚ ਪਰਿਵਰਤਨ | 10 |
| 10. | ਕਰਜ਼ਾ ਲੈਣ ਵਾਲੇ ਦੇ ਨਿਵਾਸੀ ਦਰਜੇ ਵਿਚ ਪਰਿਵਰਤ ਦੀ ਸੂਰਤ ਵਿਚ ਕਰਜ਼ਿਆਂ/ਓਵਰਡਰਾਫਟਾਂ ਬਾਰੇ ਸਲੂਕ | 10 |
| 11. | ਮਨੋਨੀਤ ਕੀਤੇ ਪ੍ਰਵਾਸੀ/ਨਿਵਾਸੀ ਵਿਅਕਤੀ ਨੂੰ ਧੰਨਰਾਸ਼ੀ ਦਾ ਭੁਗਤਾਨ | 11 |
| 12. | ਮੁਖਤਿਆਰਨਾਮਾ ਧਾਰਕ ਦੁਆਰਾ ਐਨ ਆਰ ਓ ਖ਼ਾਤੇ ਦਾ ਸੰਚਾਲਣ | 11 |
| 13. | ਪੜ੍ਹਾਈ ਲਈ ਵਿਦੇਸ਼ ਜਾ ਰਹੇ ਕਿਸੇ ਵਿਅਕਤੀ ਲਈ ਸੁਵਿਧਾਵਾਂ | 12 |
| 14. | ਅੰਤਰਰਾਸ਼ਟਰੀ ਕ੍ਰੈਡਿਟ ਕਾਰਡਸ | 12 |
| 15. | ਆਮਦਨ ਕਰ | 12 |
| 16. | ਅੰਤਿਕਾ | 14 |

# ਨਾਨ ਰੈਜੀਡੈਂਟ ਆਰਡੀਨਰੀ ਰੁਪੀ (ਐਨਆਰਓ) ਖਾਤਾ ਯੋਜਨਾ ਤੇ ਪ੍ਰਮੁੱਖ ਸਰਕੂਲ

| | |
|---|---|
| 1.ਪਰਿਭਾਸ਼ਾਵਾਂ | <u>ਪ੍ਰਵਾਸੀ ਭਾਰਤੀ (ਐਨ ਆਰ ਆਈ) </u>: ਇਸ ਮੰਤਵ ਲਈ "ਪ੍ਰਵਾਸੀ ਭਾਰਤੀ" ਦੀ ਪਰਿਭਾਸ਼ਾ ਫੇਮਾ ਨੋਟੀਫਿਕੇਸ਼ਨ ਨੰ:5 ਮਿਤੀ 3 ਮਈ, 2000 ਦੇ ਨਿਯਮ 2 ਵਿਚ ਦਿੱਤੀ ਗਈ ਹੈ। ਇਸ ਨੋਟੀਫਿਕੇਸ਼ਨ ਅਨੁਸਾਰ, ਪ੍ਰਵਾਸੀ ਭਾਰਤੀ ਉਹ ਵਿਅਕਤੀ ਹੈ ਜੋ ਭਾਰਤ ਤੋਂ ਬਾਹਰ ਰਹਿੰਦਾ ਹੈ ਅਤੇ ਜੋ ਭਾਰਤ ਦਾ ਨਾਗਰਿਕ ਹੈ ਜਾਂ ਉਹ ਭਾਰਤੀ ਮੂਲ ਦਾ ਇਕ ਵਿਅਕਤੀ ਹੈ।<br><u>ਭਾਰਤੀ-ਮੂਲ ਦਾ ਵਿਅਕਤੀ (ਪੀ ਆਈ ਓ):</u> ਦੀ ਪਰਿਭਾਸ਼ਾ ਉਪਰੋਕਤ ਫੇਮਾ ਦੇ ਨਿਯਮ 2 ਵਿਚ ਦਿੱਤੀ ਗਈ ਹੈ ਜਿਸ ਅਨੁਸਾਰ ਉਹ ਇਕ ਅਜਿਹਾ ਵਿਅਕਤੀ ਹੈ ਜੋ ਬੰਗਲਾਦੇਸ਼ ਜਾਂ ਪਾਕਿਸਤਾਨ ਤੋਂ ਇਲਾਵਾ ਕਿਸੇ ਵੀ ਦੇਸ਼ ਦਾ ਨਾਗਰਿਕ ਹੋ ਸਕਦਾ ਹੈ, ਜੇਕਰ (ੳ) ਉਸ ਕੋਲ ਕਿਸੇ ਵੀ ਸਮੇਂ ਭਾਰਤੀ ਪਾਸਪੋਰਟ ਰਿਹਾ ਹੋਵੇ, ਜਾਂ (ਅ) ਉਹ ਜਾਂ ਉਸ ਦੇ ਮਾਤਾ-ਪਿਤਾ ਵਿਚੋਂ ਕੋਈ ਇਕ ਜਾਂ ਉਸਦੇ ਦਾਦਾ-ਦਾਦੀ/ਨਾਨਾ-ਨਾਨੀ ਵਿਚੋਂ ਕੋਈ ਇਕ ਭਾਰਤੀ ਸੰਵਿਧਾਨ ਦੀਆਂ ਸ਼ਰਤਾਂ ਅਨੁਸਾਰ ਜਾਂ ਨਾਗਰਿਕਤਾ ਕਾਨੂੰਨ, 1995 (57 ਆਫ 1955) ਦੀਆਂ ਸ਼ਰਤਾਂ ਅਨੁਸਾਰ ਭਾਰਤ ਦਾ ਇਕ ਨਾਗਰਿਕ ਸੀ; ਜਾਂ (ੲ) ਉਹ ਵਿਅਕਤੀ ਕਿਸੇ ਭਾਰਤੀ ਨਾਗਰਿਕ ਜਾਂ ਉਪਧਾਰਾ (ੳ) ਜਾਂ (ਅ) ਵਿਚ ਦੱਸੇ ਕਿਸੇ ਵਿਅਕਤੀ ਦਾ ਪਤੀ/ਪਤਨੀ ਹੈ। |
| 2. ਯੋਗਤਾ | (ੳ) (ਫੇਮਾ ਦੇ ਨਿਯਮ 2 ਅਨੁਸਾਰ) ਭਾਰਤ ਤੋਂ ਬਾਹਰ ਰਹਿਣ ਵਾਲਾ ਕੋਈ ਵੀ ਵਿਅਕਤੀ ਭਾਰਤੀ ਮੁੱਦਰਾ ਵਿਚ ਲੈਣ ਦੇਣ ਦੀਆਂ ਰਾਸ਼ੀਆਂ ਨੂੰ |

| | |
|---|---|
| | ਰੱਖਣ ਦੇ ਮੰਤਵ ਨਾਲ ਫੇਮਾ ਦੇ ਨਿਯਮਾਂ ਜਾਂ ਉਨ੍ਹਾਂ ਅਧੀਨ ਬਣਾਏ ਨਿਯਮਾਂ ਦੀ ਕਿਸੇ ਵੀ ਉਲੰਘਣਾ ਤੋਂ ਬਿਨਾਂ ਕਿਸੇ ਵੀ ਅਧਿਕ੍ਰਿਤ ਡੀਲਰ ਜਾਂ ਕਿਸੇ ਅਧਿਕ੍ਰਿਤ ਬੈਂਕ ਕੋਲ ਐਨਆਰਓ ਖਾਤਾ ਖੋਲ੍ਹ ਸਕਦਾ ਹੈ।<br>(ਅ) ਬੰਗਲਾਦੇਸ਼ੀ /ਪਾਕਿਸਤਾਨੀ ਨਾਗਰਿਕਤਾ / ਮਲਕੀਅਤ ਵਾਲੇ ਵਿਅਕਤੀਆਂ/ਸੰਸਥਾਵਾਂ ਦੁਆਰਾ ਖ਼ਾਤੇ ਖੋਲ੍ਹਣ ਤੋਂ ਪਹਿਲਾਂ ਰਿਜ਼ਰਵ ਬੈਂਕ ਦੀ ਮਨਜ਼ੂਰੀ ਲੈਣਾ ਜ਼ਰੂਰੀ ਹੈ। |
| 3.ਖਾਤਿਆਂ ਦੀਆਂ ਕਿਸਮਾਂ | ਐਨ ਆਰ ਓ ਖ਼ਾਤੇ ਚਾਲੂ ਬਚਤ, ਆਵਰਤੀ ਜਾਂ ਫਿਕਸਡ ਡਿਪਾਜਿਟਸ ਖਾਤਿਆਂ ਦੇ ਰੂਪ ਵਿਚ ਖੋਲ੍ਹੇ/ਜਾਰੀ ਰੱਖੇ ਜਾ ਸਕਦੇ ਹਨ। ਇਨ੍ਹਾਂ ਖਾਤਿਆਂ ਸਬੰਧੀ ਵਿਆਜ ਦੀ ਦਰ ਅਤੇ ਅਜਿਹੇ ਖ਼ਾਤੇ ਖੋਲ੍ਹਣ, ਸੰਚਾਲਣ ਅਤੇ ਜਾਰੀ ਰੱਖਣ ਲਈ ਮਾਰਗਦਰਸ਼ਕ ਲੀਹਾਂ ਸਮੇਂ ਸਮੇਂ ਤੇ ਰਿਜ਼ਰਵ ਬੈਂਕ ਦੁਆਰਾ ਜਾਰੀ ਕੀਤੇ ਨਿਰਦੇਸ਼/ਹਦਾਇਤਾਂ ਅਨੁਸਾਰ ਹੋਣਗੀਆਂ। |
| 4.ਨਿਵਾਸੀਆਂ ਪ੍ਰਵਾਸੀਆਂ ਦੇ ਸਾਂਝੇ ਖ਼ਾਤੇ | ਨਿਵਾਸੀਆਂ/ਪ੍ਰਵਾਸੀਆਂ ਇਹ ਖ਼ਾਤੇ ਨਿਵਾਸੀਆਂ ਅਤੇ / ਜਾਂ ਪ੍ਰਵਾਸੀਆਂ ਨਾਲ ਸੰਯੁਤ ਰੂਪ ਨਾਲ ਸੰਯੁਤ ਖ਼ਾਤੇ ਵਿਚ ਰੱਖੇ ਜਾ ਸਕਦੇ ਹਨ। |
| 5. ਉਚਿੱਤ ਜਮ੍ਹਾਂ/ ਖਰਚ :<br>ਓ. ਜਮ੍ਹਾਂ: | (i) ਭਾਰਤ ਤੋਂ ਬਾਹਰੋ ਸਾਧਾਰਣ ਬੈਂਕ ਮਾਧਿਅਮਾਂ ਰਾਹੀਂ ਵਿਦੇਸ਼ੀ ਮੁੱਦਰਾਂ ਵਿਚ ਭੇਜੀਆਂ ਰਾਸ਼ੀਆਂ ਤੋਂ ਪ੍ਰਾਪਤੀਆਂ ਜੋ ਕਿ ਆਸਾਨੀ ਨਾਲ ਭਾਰਤੀ ਮੁੱਦਰਾ ਵਿਚ ਪਰਿਵਰਤਿਤ ਹੋ ਸਕੇ।<br>(ii) ਖਾਤਾਧਾਰਕ ਵਲੋਂ ਭਾਰਤ ਵਿਚ ਆਪਣੀ ਅਸਥਾਈ ਯਾਤਰਾ ਦੌਰਾਨ ਜਮ੍ਹਾਂ ਕਰਵਾਈ ਗਈ ਵਿਦੇਸ਼ੀ ਮੁੱਦਰਾ ਜੋ ਕਿ ਆਸਾਨੀ ਨਾਲ ਭਾਰਤੀ ਮੁੱਦਰਾ ਵਿਚ ਪਰਿਵਰਤਿਤ ਹੋ ਸੇ। 5,000 ਅਮਰੀਕਨ ਡਾਲਰਾਂ ਤੋਂ ਵੱਧ ਕੀਮਤ ਦੀ ਵਿਦੇਸ਼ੀ ਮੁੱਦਰਾ ਨਾਲ ਕਰੰਸੀ ਡਿਕਲੇਰੇਸ਼ਨ ਫਾਰਮ ਦੇਣਾ ਜ਼ਰੂਰੀ ਹੈ। ਭਾਰਤੀ ਮੁੱਦਰਾ ਦੇ ਰੂਪ ਵਿਚ ਕਿਸੇ ਵੀ ਰਾਸ਼ੀ ਲਈ ਜੇਕਰ |

| | |
|---|---|
| | ਉਹ ਭਾਰਤ ਤੋਂ ਬਾਹਰ ਲਿਆਂਦੀ ਗਈ ਹੋਵੇ, ਦੇ ਨਾਲ ਐਨਕੈਸ਼ਮੈਂਟ ਸਰਟੀਫਿਕੇਟ ਦੇਣਾ ਜ਼ਰੂਰੀ ਹੈ।<br>(iii) ਪ੍ਰਵਾਸੀ ਬੈਂਕਾਂ ਦੇ ਭਾਰਤੀ ਮੁੱਦਰਾ ਵਾਲੇ ਖਾਤਿਆਂ ਤੋਂ ਟ੍ਰਾਂਸਫਰਸ।<br>(iv) ਖਾਤਾਧਾਰਕ ਦੀਆਂ ਭਾਰਤ ਵਿਚ ਕਾਨੂੰਨੀ ਲੈਣਦਾਰੀਆਂ/ਇਸ ਵਿਚ ਕਿਰਾਇਆ, ਲਾਭ-ਅੰਸ਼, ਪੈਨਸ਼ਨ, ਵਿਆਜ ਆਦਿ ਵਰਗੀ ਵਰਤਮਾਨ ਆਮਦਨ ਦੇ ਨਾਲ ਨਾਲ ਭਾਰਤੀ/ਵਿਦੇਸ਼ੀ ਮੁੱਦਰਾ ਨਾਲ ਖਰੀਦੀ ਗਈ ਜਾਂ ਵਿਰਾਸਤ ਵਿਚ ਪ੍ਰਾਪਤ ਅਚਲ ਸੰਪਤੀ ਦੀ ਵਿਕਰੀ ਤੋਂ ਪ੍ਰਾਪਤ ਆਮਦਨ ਵੀ ਸ਼ਾਮਲ ਹੈ। |
| ਅ. ਖਰਚ: | (i) ਭਾਰਤ ਵਿਚ ਨਿਵੇਸ਼ ਲਈ ਭੁਗਤਾਨਾ ਸਮੇਤ ਰੁਪਈਆਂ ਵਿਚ ਕੀਤੇ ਸਾਰੇ ਸਥਾਨਕ ਭੁਗਤਾਨ ਬਸ਼ਰਤੇ ਕਿ ਰਿਜ਼ਰਵ ਬੈਂਕ ਦੁਆਰਾ ਬਣਾਏ ਗਏ ਸਾਰੇ ਸਬੰਧਿਤ ਨਿਯਮਾਂ ਦੀ ਪਾਲਣਾ ਕੀਤੀ ਗਈ ਹੋਵੇ।<br>(ii) ਖਾਤਾ ਧਾਰਕ ਦੀ ਭਾਰਤ ਵਿਚਲੀ ਵਰਤਮਾਨ ਆਮਦਨ ਜਿਵੇਂ ਕਿ ਕਿਰਾਇਆ, ਲਾਭ-ਅੰਸ਼, ਪੈਨਸ਼ਨ, ਵਿਆਜ ਆਦਿ ਵਿਚ ਭਾਰਤ ਤੋਂ ਬਾਹਰ ਭਿਜਵਾਈ ਗਈ ਰਾਸ਼ੀ।<br>(iii) ਅਧਿਕ੍ਰਿਤ ਡੀਲਰ ਬੈਂਕ ਦੀ ਸੰਤੁਸ਼ਟੀ ਉਪਰੰਤ ਸਾਰੇ ਉਚਿੱਤ ਮੰਤਵਾਂ ਲਈ ਹਰੇਕ ਵਿੱਤੀ ਵਰ੍ਹੇ (ਅਪ੍ਰੈਲ-ਮਾਰਚ) ਦੌਰਾਨ ਦਸ ਲੱਖ ਅਮਰੀਕਨ ਡਾਲਰਾਂ ਤੱਕ ਭਿਜਵਾਈ ਗਈ ਰਾਸ਼ੀ। |
| 6.ਸੰਪੱਤੀਆਂ ਨੂੰ ਭਿਜਵਾਉਣਾ | |
| 6.1 ਗੈਰ-ਭਾਰਤੀ ਮੂਲ ਦੇ ਵਿਦੇਸ਼ੀ ਨਾਗਰਿਕ ਦੁਆਰਾ | ਕੋਈ ਵੀ ਅਜਿਹਾ ਵਿਦੇਸ਼ੀ ਨਾਗਰਿਕ ਜੋ ਕਿ ਨੇਪਾਲ ਜਾਂ ਭੂਟਾਨ ਦਾ ਨਾਗਰਿਕ ਜਾਂ ਭਾਰਤੀ ਮੂਲ ਦਾ ਵਿਅਕਤੀ (ਪੀ ਆਈ ਓ) ਨਹੀਂ ਹੈ, ਜੋ ਭਾਰਤ ਵਿਚ ਨੌਕਰੀ ਤੋਂ ਸੇਵਾ ਮੁਕਤ ਹੋਇਆ ਹੈ, ਜਾਂ ਜਿਸ ਨੂੰ ਫੇਮਾ ਦੇ |

| | |
|---|---|
| ਸੰਪੱਤੀ ਭਿਜਵਾਉਣਾ : | ਸੈਕਸ਼ਨ 6 ਦੇ ਸਬ ਸੈਕਸ਼ਨ (5) ਵਿਚ ਦੱਸੇ ਕਿਸੇ ਵਿਅਕਤੀ ਤੋਂ ਉਹ ਸੰਪੱਤੀ ਵਿਰਾਸਤ ਵਿਚ ਪ੍ਰਾਪਤ ਕੀਤੀ ਹੋਵੇ; ਜਾਂ ਜੋ ਭਾਰਤ ਤੋਂ ਬਾਹਰ ਰਹਿਣ ਵਾਲੀ ਕੋਈ ਵਿਧਵਾ ਹੈ ਅਤੇ ਉਸ ਨੇ ਆਪਣੇ ਮ੍ਰਿਤਕ ਪਤੀ ਦੀ ਸੰਪੱਤੀ ਵਿਰਾਸਤ ਪ੍ਰਾਪਤ ਕੀਤੀ ਹੈ ਜੋ ਕਿ ਭਾਰਤ ਵਿਚ ਰਹਿਣ ਵਾਲਾ ਭਾਰਤ ਦਾ ਇਕ ਨਾਗਰਿਕ ਸੀ, ਉਹ ਸੰਪੱਤੀ ਦੀ ਖਰੀਦ ਜਾਂ ਵਿਰਾਸਤ ਵਿਚ ਇਸ ਦੀ ਪ੍ਰਾਪਤੀ ਦੇ ਦਸਤਾਵੇਜ਼ੀ ਸਬੂਤ ਅਤੇ ਉਸ ਦੇ ਵਲੋਂ ਜ਼ਿੰਮੇਵਾਰੀ ਅਤੇ ਸਰਕੂਲਰ ਨੰ:10/2002 ਮਿਤੀ 9 ਅਕਤੂਬਰ, 2002 ਅਧੀਨ ਸੈਂਟ੍ਰਲ ਬੋਰਡ ਆਫ ਡਾਈਰੈਕਟ ਟੈਕਸੇਜ ਦੁਆਰਾ ਨਿਰਧਾਰਿਤ ਫਾਰਮਾਂ ਉਤੇ ਕਿਸੇ ਚਾਰਟਰਡ ਅਕਾਉਂਟੈਂਟ ਦੁਆਰਾ ਸਰਟੀਫਿਕੇਟ ਦੇਣ ਉਪਰੰਤ ਉਹ ਦਸ ਲੱਖ ਅਮਰੀਕਨ ਡਾਲਰਾਂ ਤੱਕ ਦੀ ਸੰਪੱਤੀ ਹਰਕੇ ਵਰ੍ਹੇ ਭਿਜਵਾ ਸਕਦਾ ਹੈ। |
| 6.2 ਕਿਸੇ ਐਨਆਰ ਆਈ/ਪੀਆਈਓ ਦੁਆਰਾ ਸੰਪੱਤੀ ਭਿਜਵਾਉਣਾ | (ੳ) ਕੋਈ ਵੀ ਪ੍ਰਵਾਸੀ ਭਾਰਤੀ/ਭਾਰਤੀ ਮੂਲ ਦਾ ਵਿਅਕਤੀ ਆਪਣੇ ਐਨ ਆਰ ਓ ਖਾਤਿਆਂ ਵਿਚਲੇ ਬਕਾਏ/ਸੰਪੱਤੀ ਦੀ ਵਿਕਰੀ ਤੋਂ ਪ੍ਰਾਪਤ ਰਾਸ਼ੀ/ਭਾਰਤ ਵਿਚ ਉਸ ਦੇ ਦੁਆਰਾ ਵਿਰਾਸਤ ਵਿਚ ਪ੍ਰਾਪਤ ਸੰਪੱਤੀ ਵਿਚੋਂ ਹਰੇਕ ਵਿੱਤੀ ਵਰ੍ਹੇ ਦੱਸ ਲੱਖ ਅਮਰੀਕਨ ਡਾਲਰਾਂ ਤੱਕ ਦੀ ਰਾਸ਼ੀ ਸੰਪੱਤੀ ਦੀ ਖਰੀਦ ਜਾਂ ਵਿਰਾਸਤ ਵਿਚ ਉਸ ਦੀ ਪ੍ਰਾਪਤੀ ਦੇ ਦਸਤਾਵੇਜ਼ੀ ਸਬੂਤ ਅਤੇ ਉਸ ਦੇ ਵਲੋਂ ਜ਼ਿੰਮੇਵਾਰੀ ਅਤੇ ਸਰਕੂਲਰ ਨੰ: 10/2002 ਮਿਤੀ 9 ਅਕਤੂਬਰ, 2002 ਅਧੀਨ ਸੈਟ੍ਰਲ ਬੋਰਡ ਆਫ ਡਾਈਰੈਕਟ ਟੈਕਸੇਜ ਦੁਆਰਾ ਨਿਰਧਾਰਿਤ ਫਾਰਮਾਂ ਉਤੇ ਕਿਸੇ ਚਾਰਟਰਡ ਅਕਾਉਂਟੈਂਟ ਦੁਆਰਾ ਸਰਟੀਫਿਕੇਟ ਪੇਸ਼ ਕਰਨ ਉਪਰੰਤ ਭਿਜਵਾ ਸਕਦਾ ਹੈ।<br>(ਅ) ਪ੍ਰਵਾਸੀ ਭਾਰਤੀ/ਭਾਰਤੀ ਮੂਲ ਦਾ ਵਿਅਕਤੀ ਉਪਰ ਦੱਸੇ ਦਸ ਲੱਖ ਅਮਰੀਕਨ ਡਾਲਰਾਂ ਦੀ ਸੀਮਾ ਅੰਦਰ ਉਸ ਵਲੋਂ ਕਿਸੇ ਇਕ |

| | |
|---|---|
| | ਦੁਆਰਾ ਜਾਂ ਕਿਸੇ ਨਜਦੀਕ ਰਿਸ਼ਤੇਦਾਰ ਦੁਆਰਾ ਬਣਾਈ ਗਈ ਹੋਵੇ (ਕੰਪਨੀਜ਼ ਐਕਟ, 1956 ਦੇ ਸ਼ੈਕਸ਼ਨ 6 ਵਿਚ ਦਿੱਤੀ ਪਰਿਭਾਸ਼ਾ ਅਨੁਸਾਰ) ਅਤੇ ਸੈਟਲਮੈਂਟ ਸੈਟਲਰ ਦੀ ਮੌਤ ਤੋਂ ਬਾਅਦ ਪ੍ਰਭਾਵੀ ਹੁੰਦੀ ਹੋਵੇ, ਪ੍ਰਾਪਤ ਕੀਤੀ ਸੰਪੱਤੀ ਦੀ ਵਿਕਰੀ ਤੋਂ ਪ੍ਰਾਪਤ ਰਾਸ਼ੀ ਅਸਲ ਮਿਤੀ 9 ਅਕਤੂਬਰ, 2002 ਰਾਹੀਂ ਸੈਂਟ੍ਰਲ ਬੋਰਡ ਆਫ ਡਾਈਰੈਕਟ ਦੁਆਰਾ ਜਾਰੀ ਸਰਟੀਫਿਕੇਟ ਪੇਸ਼ ਕਰਨ ਉਪਰੰਤ ਭਿਜਵਾ ਸਕਦਾ ਹੈ। |
| 6.3 ਭਾਰਤੀ ਮੁਦਰਾ ਨਾਲ ਭਾਰਤ ਵਿਚ ਖ਼ਰੀਦੀ ਗਈ ਸੰਪੱਤੀ | ਪ੍ਰਵਾਸੀ ਭਾਰਤੀ/ਭਾਰਤੀ ਮੂਲ ਦਾ ਵਿਅਕਤੀ ਉਸ ਦੁਆਰਾ ਨਿਵਾਸੀ ਦੇ ਰੂਪ ਵਿਚ ਜਾਂ ਪ੍ਰਵਾਸੀ ਭਾਰਤੀ/ਭਾਰਤੀ ਮੂਲ ਦੇ ਵਿਅਕਤੀ ਦੇ ਰੂਪ ਵਿਚ ਭਾਰਤੀ ਮੁੱਦਰਾ ਨਾਲ ਖਰੀਦੀ ਗਈ ਅਚਲ ਸੰਪੱਤੀ ਦੀ ਵਿਕਰੀ ਤੋਂ ਪ੍ਰਾਪਤ ਰਾਸ਼ੀ ਨੂੰ ਹਰੇਕ ਵਿੱਤੀ ਵਰ੍ਹੇ ਦੌਰਾਨ ਦਸ ਲੱਖ ਅਮਰੀਕਨ ਡਾਲਰਾਂ ਦੀ ਸ਼ਰਤ ਅਧੀਨ ਬਿਨਾਂ ਕਿਸੇ ਲਾਕ ਇਨ ਅਵਧੀ ਦੇ ਭਿਜਵਾ ਸਕਦਾ ਹੈ। |
| 6.4 ਪਾਬੰਦੀਆਂ | (ੳ) ਅਚੱਲ ਸੰਪੱਤੀ ਦੀ ਵਿਕਰੀ ਤੋਂ ਪ੍ਰਾਪਤ ਰਾਸ਼ੀ ਨੂੰ ਭਿਜਵਾਉਣ ਦੀ ਇਹ ਸਬੰਧੀ ਸੁਵਿਧਾ ਪਾਕਿਸਤਾਨ, ਬੰਗਲਾਦੇਸ਼, ਸ੍ਰੀਲੰਕਾ,ਚੀਨ ਅਫਗਾਨਿਸਤਾਨ, ਈਰਾਨ, ਨੇਪਾਲ ਅਤੇ ਭੂਟਾਨ ਅਤੇ ਨਾਗਰਿਕਾਂ ਨੂੰ ਉਪਲਬੱਧ ਨਹੀਂ ਹੈ।<br>(ਅ) ਹੋਰ ਆਰਥਿਕ ਸੰਪੱਤੀ ਦੀ ਵਿਕਰੀ ਤੋਂ ਪ੍ਰਾਪਤ ਰਾਸ਼ੀ ਨੂੰ ਭਿਜਵਾਉਣ ਦੀ ਸੁਵਿਧਾ ਪਾਕਿਸਤਾਨ, ਬੰਗਲਾਦੇਸ਼, ਨੇਪਾਲ ਅਤੇ ਭੂਟਾਨ ਦੇ ਨਾਗਰਿਕਾਂ ਨੂੰ ਪ੍ਰਾਪਤ ਨਹੀਂ ਹੈ। |
| 7. ਭਾਰਤ ਯਾਤਰਾ ਤੇ ਆਏ ਗੈਰ ਭਾਰਤੀ ਮੂਲ ਦੇ ਵਿਦੇਸ਼ੀ | ਭਾਰਤ ਯਾਤਰਾ ਤੇ ਆਏ ਗੈਰ ਭਾਰਤੀ ਮੂਲ ਦੇ ਵਿਦੇਸ਼ੀ ਨਾਗਰਿਕਾਂ ਦੁਆਰਾ ਐਨ ਆਰ ਓ (ਚਾਲੂ/ਬਚਤਾਂ) ਖਾਤਾ ਬੈਂਕਾਂ ਰਾਹੀਂ ਭਾਰਤ ਤੋਂ ਬਾਹਰੋਂ ਭੇਜੀ ਰਾਸ਼ੀ ਨਾਲ ਜਾਂ ਉਸ ਦੁਆਰਾ ਲਿਆਂਦੀ ਗਈ |

| | |
|---|---|
| ਨਾਗਰਿਕ | ਵਿਦੇਸ਼ੀ ਮੁੱਦਰਾਂ ਨਾਲ ਖੋਲ੍ਹਿਆ ਜਾ ਸਕਦਾ ਹੈ। ਉਸ ਐਨ ਆਰ ਓ ਖ਼ਾਤੇ ਵਿਚਾਲੇ ਬਕਾਏ ਨੂੰ ਅਧਿਕ੍ਰਿਤ ਡੀਲਰ/ਬੈਂਕ ਦੁਆਰਾ ਖਾਤਾਧਾਰਕ ਨੂੰ ਭਾਰਤ ਤੋਂ ਵਾਪਸ ਜਾਣ ਸਮੇਂ ਭੁਗਤਾਨ ਕਰਨ ਲਈ ਵਿਦੇਸ਼ੀ ਮੁੱਦਰਾ ਵਿਚ ਬਦਲਿਆ ਜਾ ਸਕਦਾ ਹੈ ਬਸ਼ਰਤੇ ਕਿ ਉਹ ਖਾਤਾ ਛੇ ਮਹੀਨਿਆਂ ਤੋਂ ਵੱਧ ਦੀ ਅਵਧੀ ਤੱਕ ਜਾਰੀ ਨਾ ਰੱਖਿਆ ਗਿਆ ਹੋਵੇ ਅਤੇ ਉਹ ਖਾਤਾ, ਉਸ ਉਪਰ ਵਿਆਜ ਤੋਂ ਇਲਾਵਾ ਕਿਸੇ ਸਥਾਨਕ ਰਾਸ਼ੀ ਨਾਲ ਨਾ ਖੋਲ੍ਹਿਆ ਗਿਆ ਹੋਵੇ। |
| 8. ਖ਼ਾਤਾਧਾਰਕਾਂ ਅਤੇ ਤੀਜੀਆਂ ਧਿਰਾਂ ਨੂੰ ਅਧਿਕ੍ਰਿਤ ਡੀਲਰ/ਬੈਂਕ ਦੁਆਰਾ ਕਰਜ਼ਿਆਂ/ ਓਵਰਡਰਾਫ਼ਟਾਂ ਦੀ ਮਨਜ਼ੂਰੀ: | (ੳ) ਅਧਿਕ੍ਰਿਤ ਡੀਲਰ/ਬੈਂਕ ਦੁਆਰਾ ਫਿਕਸਡ ਜਮ੍ਹਾਂ ਦੀ ਜਮਾਨਤ ਵਿਰੁੱਧ ਹੇਠ ਲਿਖੀਆਂ ਸ਼ਰਤਾਂ ਅਧੀਨ ਪ੍ਰਵਾਸੀ ਖਾਤਾ-ਧਾਰਕਾਂ ਅਤੇ ਤੀਜੀਆਂ ਧਿਰਾਂ ਨੂੰ ਕਰਜ਼ੇ ਮੰਜੂਰ ਕੀਤੇ ਜਾ ਸਕਦੇ ਹਨ:<br>(i) ਕਰਜ਼ਿਆਂ ਦੀ ਰਾਸ਼ੀ ਕੇਵਲ ਕਰਜ਼ਾ ਲੈਣ ਵਾਲੇ ਦੀਆਂ ਨਿਜੀ ਜ਼ਰੂਰਤਾਂ ਪੂਰੀਆਂ ਕਰਨ ਜਾਂ ਕਾਰੋਬਾਰੀ ਮੰਤਵ ਲਈ ਹੀ ਵਰਤੀ ਜਾਵੇਗੀ, ਅਤੇ ਨਾ ਕਿ ਖੇਤੀ ਬਾੜੀ/ਬਾਗਵਾਨੀ ਦੀਆਂ ਗਤੀਵਿਧੀਆਂ ਜਾਂ ਜਾਇਦਾਦ ਦੀ ਖਰੀਦੋ ਫਰੋਖਤ ਜਾਂ ਅੱਗੇ ਕਰਜ਼ਾ ਦੇਣ ਲਈ।<br>(ii) ਰਿਜ਼ਰਵ ਬੈਂਕ ਵਲੋਂ ਸਮੇਂ ਸਮੇਂ ਤੇ ਮਾਰਜਨ ਅਤੇ ਵਿਆਜ ਦੀ ਦਰ ਸਬੰਧੀ ਲਗਾਈਆਂ ਗਈਆਂ ਸ਼ਰਤਾਂ ਦੀ ਪਾਲਣਾ ਕੀਤੀ ਜਾਵੇਗੀ।<br>(iii) ਤੀਜੀਆਂ ਧਿਰਾਂ ਨੂੰ ਦਿੱਤੇ ਗਏ ਅਜਿਹੇ ਕਰਜ਼ਿਆਂ/ਸੁਵਿਧਾਵਾਂ ਤੇ ਵਪਾਰਿਕ/ਉਦਯੋਗਿਕ ਕਰਜ਼ਿਆਂ ਤੇ ਲਾਗੂ ਹੋਣ ਵਾਲੀਆਂ ਆਮ ਸ਼ਰਤਾਂ ਹੀ ਲਾਗੂ ਹੋਣਗੀਆਂ।<br>(ਅ) ਅਧਿਕ੍ਰਿਤ ਡੀਲਰ/ਬੈਂਕ ਖਾਤਾ ਧਾਰਕਾਂ ਦੇ ਖ਼ਾਤੇ ਵਿਚੋਂ ਓਵਰਡਰਾਫਟ ਦੀ ਮਨਜ਼ੂਰੀ ਦੇ ਸਕਦਾ ਹੈ, ਬਸ਼ਰਤੇ ਉਹ ਵਪਾਰਿਕ ਸੂਝ ਬੂਝ ਅਤੇ ਵਿਆਜ ਦਰ ਆਦਿ ਸਬੰਧੀ ਨਿਰਦੋਸ਼ਾਂ ਦੀ ਪਾਲਣਾ ਕਰੇ। |

| | |
|---|---|
| 9. ਖ਼ਾਤਾਧਾਰਕ ਦੇ ਨਿਵਾਸੀ ਕਰਜ਼ੇ ਵਿਚ ਪਰਿਵਰਤਨ (ੳ) ਨਿਵਾਸੀ ਤੋਂ ਪ੍ਰਵਾਸੀ | ਜਦੋਂ ਭਾਰਤ ਦਾ ਨਿਵਾਸੀ ਕੋਈ ਵਿਅਕਤੀ ਨੌਂਕਰੀ ਕਰਨ ਲਈ ਜਾਂ ਵਪਾਰ ਕਰਨ ਲਈ ਜਾਂ ਭਾਰਤ ਤੋਂ ਬਾਹਰ ਕੋਈ ਧੰਦਾ ਕਰਨ ਲਈ ਜਾਂ ਕਿਸੇ ਵੀ ਹੋਰ ਮੰਤਵ ਲਈ ਭਾਰਤ ਤੋਂ ਬਾਹਰ ਕਿਸੇ ਦੇਸ਼ (ਨੇਪਾਲ ਜਾਂ ਭੂਟਾਨ ਤੋਂ ਇਲਾਵਾ) ਵਿਚ ਜਾਂਦਾ ਹੈ ਜਿਸ ਤੋਂ ਉਸ ਦੇ ਅਨਿਸ਼ਚਿਤ ਅਵਧੀ ਲਈ ਭਾਰਤ ਤੋਂ ਬਾਹਰ ਨੂੰ ਪ੍ਰਵਾਸੀ (ਸਾਧਾਰਣ) ਖ਼ਾਤੇ ਦਾ ਨਾਮ ਦਿੱਤਾ ਜਾਣਾ ਚਾਹੀਦਾ ਹੈ।<br>ਜਦੋਂ ਭਾਰਤ ਵਿਚ ਰਹਿਣ ਵਾਲਾ ਕੋਈ ਵਿਅਕਤੀ ਨੌਂਕਰੀ ਕਰਨ ਲਈ ਜਾਂ ਵਪਾਰ ਕਰਨ ਲਈ ਜਾਂ ਧੰਦਾ ਕਰਨ ਲਈ ਜਾਂ ਕਿਸੇ ਵੀ ਹੋਰ ਮੰਤਵ ਲਈ ਨੇਪਾਲ ਜਾਂ ਭੂਟਾਨ ਲਈ ਜਾਂਦਾ ਹੈ ਜਿਸ ਤੋਂ ਉਸ ਦੇ ਅਨਿਸ਼ਚਿਤ ਸਮੇਂ ਲਈ ਨੇਪਾਲ ਜਾਂ ਭੂਟਾਨ ਵਿਚ ਰਹਿਣ ਦੇ ਇਰਾਦੇ ਦਾ ਸੰਕੇਤ ਮਿਲਦਾ ਹੈ, ਤਾਂ ਉਸ ਦਾ ਵਰਤਮਾਨ ਖਾਤਾ ਨਿਵਾਸੀ ਖਾਤਾ ਹੀ ਬਣਿਆ ਰਹੇਗਾ। ਅਜਿਹੇ ਖ਼ਾਤੇ ਨੂੰ ਪ੍ਰਵਾਸੀ (ਸਾਧਾਰਣ) ਖ਼ਾਤੇ (ਐਨ ਆਰ ੳ) ਦਾ ਨਾਮ ਨਹੀਂ ਦਿੱਤਾ ਜਾਣਾ ਚਾਹੀਦਾ। |
| (ਅ) ਪ੍ਰਵਾਸੀ ਤੋਂ ਨਿਵਾਸੀ | ਕਿਸੇ ਵੀ ਖਾਤਾ ਧਾਰਕ ਦੇ ਨੌਂਕਰੀ ਕਰਨ ਲਈ ਜਾਂ ਵਪਾਰ ਕਰਨ ਲਈ ਧੰਦਾ ਰਨ ਲਈ ਜਾਂ ਕਿਸੇ ਹੋਰ ਮੰਤਵ ਲਈ ਭਾਰਤ ਵਾਪਸ ਆ ਜਾਣ ਤੇ ਜਿਸ ਤੋਂ ਉਸ ਦੇ ਅਨਿਸ਼ਚਿਤ ਸਮੇਂ ਲਈ ਭਾਰਤ ਵਿਚ ਰਹਿਣ ਦੇ ਇਰਾਦੇ ਦਾ ਸੰਕੇਤ ਭਾਰਤੀ ਮੁੱਦਰਾ ਦੇ ਖ਼ਾਤੇ ਦਾ ਨਾਮ ਦਿੱਤਾ ਜਾ ਸਕਦਾ ਹੈ। ਜਦੋਂ ਕੋਈ ਖਾਤਾ ਧਾਰਕ ਭਾਰਤ ਦੇ ਅਸਥਾਈ ਦੌਰੇ ਤੇ ਆਇਆ ਹੋਵੇ ਤਾਂ ਅਜਿਹੇ ਦੌਰੇ ਦੌਰਾਨ ਉਸ ਖ਼ਾਤੇ ਨੂੰ ਪ੍ਰਵਾਸੀ (ਐਨ ਆਰ ੳ ) ਹੀ ਮੰਨਿਆ ਜਾਣਾ ਚਾਹੀਦਾ ਹੈ। |
| 10. ਕਰਜ਼ਾ ਲੈਣ ਵਾਲੇ ਦੇ ਨਿਵਾਸੀ | ਉਸ ਸੂਰਤ ਵਿਚ ਜਦੋਂ ਭਾਰਤ ਵਿਚ ਰਹਿਣ ਵਾਲੇ ਕਿਸੇ ਵਿਅਕਤੀ ਦੁਆਰਾ ਕਰਜ਼ਾ ਜਾਂ ਓਵਰਡਰਾਫਟ ਲੈਣ ਤੋਂ ਬਾਅਦ ਉਹ ਭਾਰਤ ਤੋਂ |

| | |
|---|---|
| ਦਰਜੇ ਵਿਚ ਪਰਿਵਰਤਨ ਦੀ ਸੂਰਤ ਵਿਚ ਕਰਜ਼ਿਆਂ/ਓਵਰ ਡਰਾਫ਼ਟਾਂ ਬਾਰੇ ਸਲੂਕ | ਬਾਹਰ ਰਹਿਣ ਵਾਲਾ ਵਿਅਕਤੀ ਬਣ ਜਾਂਦਾ ਹੈ ਤਾਂ ਅਧਿਕ੍ਰਿਤ ਡੀਲਰ/ਬੈਂਕ ਆਪਦੀ ਮਰਜ਼ੀ ਅਤੇ ਵਪਾਰਕ ਸੂਝ ਬੂਝ ਨਾਲ ਕਰਜ਼ੇ / ਓਵਰਡਰਾਫਟ ਸੁਵਿਧਾਵਾਂ ਨੂੰ ਜਾਰੀ ਰੱਖਣ ਦੀ ਮਨਜ਼ੂਰੀ ਦੇ ਸਕਦੇ ਹਨ। ਅਜਿਹੇ ਮਾਮਲਿਆਂ ਵਿਚ, ਵਿਆਜ ਅਤੇ ਕਰਜ਼ੇ ਦੀਆਂ ਕਿਸ਼ਤਾਂ ਦਾ ਭੁਗਤਾਨ ਵਿਦੇਸ਼ ਤੋਂ ਭਾਰਤ ਵਿਚ ਭੇਜੀਆਂ ਰਾਸ਼ੀਆਂ ਜਾਂ ਸਬੰਧਿਤ ਵਿਅਕਤੀ ਦੇ ਭਾਰਤ ਵਿਚ ਜਾਇਜ਼ ਸਾਧਨਾ ਤੋਂ ਵਸੂਲੀ ਦੁਆਰਾ ਪ੍ਰਾਪਤ ਕੀਤਾ ਜਾ ਸਦਾ ਹੈ। |
| 11. ਮਨੋਨੀਤ ਕੀਤੇ ਪ੍ਰਵਾਸੀ/ਨਿਵਾਸੀ ਵਿਅਕਤੀ ਨੂੰ ਧੰਨ ਰਾਸ਼ੀ ਦਾ ਭੁਗਤਾਨ | ਕਿਸੇ ਮ੍ਰਿਤਕ ਖਾਤਾਧਾਰਕ ਦੇ ਐਨ ਆਰ ਓ ਖ਼ਾਤੇ ਵਿਚੋਂ ਕਿਸੇ ਮਨੋਨੀਤ ਕੀਤੇ ਗਏ ਪ੍ਰਵਾਸੀ ਨੂੰ ਬਕਾਏ/ਭੁਗਤਾਨਯੋਗ ਰਾਸ਼ੀ ਉਸ ਮਨੋਨੀਤ ਵਿਅਕਤੀ ਦੇ ਭਾਰਤ ਵਿਚ ਅਧਿਕ੍ਰਿਤ ਡੀਲਰ/ਬੈਂਕ ਕੋਲ ਐਨ ਆਰ ਓ ਖ਼ਾਤੇ ਵਿਚ ਜਮ੍ਹਾਂ ਕਰ ਦਿੱਤੀ ਜਾਵੇਗੀ। ਭਾਰਤ ਵਿਚ ਰਹਿਣ ਵਾਲੇ ਕਿਸੇ ਮਨੋਨੀਤ ਕੀਤੇ ਵਿਕਅਤੀ ਨੂੰ ਭੁਗਤਾਨ ਯੋਗ ਰਾਸ਼ੀ ਮ੍ਰਿਤਕ ਖਾਤਾ ਧਾਰਕ ਐਨ ਆਰ ਓ ਖ਼ਾਤੇ ਵਿਚੋਂ ਮਨੋਨੀਤ ਕੀਤੇ ਗਏ ਵਿਅਕਤੀ ਦੇ ਭਾਰਤ ਵਿਚਲੇ ਬੈਂਕ ਖ਼ਾਤੇ ਵਿਚ ਜਮ੍ਹਾਂ ਕਰ ਦਿੱਤੀ ਜਾਵੇਗੀ। |
| 12.ਮੁਖਤਿਆਰਨਾਮਾ ਧਾਰਕ ਦੁਆਰਾ ਐਨ ਆਰ ਓ ਖ਼ਾਤੇ ਦਾ ਸੰਚਾਲਨ | ਅਧਿਕ੍ਰਿਤ ਡੀਲਰਾਂ/ਬੈਂਕਾਂ ਨੂੰ ਅਧਿਕਾਰ ਦਿੱਤੇ ਗਏ ਹਨ ਕਿ ਉਹ ਕਿਸੇ ਪ੍ਰਵਾਸੀ ਖਾਤਾਧਾਰਕ ਵਿਅਕਤੀ ਦੁਆਰਾ ਭਾਰਤ ਵਿਚ ਰਹਿਣ ਵਾਲੇ ਕਿਸੇ ਵਿਕਅਤੀ ਦੇ ਹੱਕ ਵਿਚ ਮੁਖਤਿਆਰਨਾਮਾ ਦੇਣ ਤੇ ਉਸ ਦੇ ਐਨ ਆਰ ਓ ਖ਼ਾਤੇ ਦੇ ਸੰਚਾਲਨ ਦੀ ਮਨਜ਼ੂਰੀ ਦੇ ਸਕਦੇ ਹਨ ਬਸ਼ਰਤੇ ਅਜਿਹਾ ਸੰਚਾਲਨ :<br>(i) ਰਿਜ਼ਰਵ ਬੈਂਕ ਦੁਆਰਾ ਬਣਾਏ ਗਏ ਸਬੰਧਿਤ ਨਿਯਮਾਂ ਦੀ ਪਾਲਣਾ ਕਰਦੇ ਹੋਏ ਉਚਿੱਤ ਨਿਵੇਸ਼ਾਂ ਲਈ ਕੀਤੇ ਭੁਗਤਾਨ ਸਮੇਤ ਭਾਰਤੀ ਮੁੱਦਰਾ ਵਿਚ ਕੀਤੇ ਸਾਰੇ ਸਥਾਨਕ ਭੁਗਤਾਨਾਂ ਅਤੇ; |

| | |
|---|---|
| | (ii) ਪ੍ਰਵਾਸੀ ਵਿਅਕਤੀ ਦੇ ਐਨ ਆਰ ਓ ਖ਼ਾਤੇ ਵਿਚੋਂ ਉਸ ਦੀ ਭਾਰਤ ਵਿਚਲੀ ਵਰਤਮਾਨ ਆਮਦਨ ਵਿਚੋਂ ਟੈਕਸ ਆਦਿ ਕੱਟਣ ਉਪਰੰਤ ਰਾਸ਼ੀ ਨੂੰ ਭਾਰਤ ਤੋਂ ਬਾਹਰ ਭਿਜਵਾਉਣ ਲਈ ਭੁਗਤਾਨ, ਤੱਕ ਸੀਮਤ ਹੋਣ। ਨਿਵਾਸੀ ਮੁਖਤਿਆਰਨਾਮਾ ਧਾਰਕ ਨੂੰ ਇਹ ਆਗਿਆ ਨਹੀਂ ਹੋਵੇਗੀ ਕਿ ਉਹ ਪ੍ਰਵਾਸੀ ਖਾਤਾ ਧਾਰਕ ਵਿਅਕਤੀ ਤੋਂ ਇਲਾਵਾ ਕਿਸੇ ਹੋਰ ਨੂੰ ਖ਼ਾਤੇ ਵਿਚੋਂ ਧੰਨ ਰਾਸ਼ੀ ਭਿਜਵਾਏ ਅਤੇ ਨਾ ਹੀ ਇਹ ਆਗਿਆ ਹੋਵੇਗੀ ਕਿ ਉਹ ਖਾਤਾਧਾਰਕ ਵਲੋਂ ਕਿਸੇ ਨੂੰ ਤੋਹਫੇ ਦੇ ਤੌਰ ਤੇ ਭੁਗਤਾਨ ਕਰ ਸਕੇ ਜਾਂ ਉਹ ਉਸ ਖ਼ਾਤੇ ਵਿਚੋਂ ਕਿਸੇ ਹੋਰ ਐਨ ਆਰ ਓ ਖ਼ਾਤੇ ਵਿਚੋਂ ਤਬਦੀਲ ਕਰਵਾ ਸਕੇ। |
| 13. ਪੜ੍ਹਾਈ ਲਈ ਵਿਦੇਸ਼ ਜਾ ਰਹੇ ਕਿਸੇ ਵਿਅਕਤੀ ਲਈ ਸੁਵਿਧਾਵਾਂ | ਪੜ੍ਹਾਈ ਲਈ ਵਿਦੇਸ਼ ਜਾ ਰਹੇ ਵਿਅਕਤੀਆਂ ਨੂੰ ਪ੍ਰਵਾਸੀ ਭਾਰਤੀਆਂ (ਐਨ ਆਰ ਆਈਜ) ਦਾ ਦਰਜਾ ਦਿੱਤਾ ਜਾਂਦਾ ਹੈ ਅਤੇ ਉਹ ਉਨ੍ਹਾਂ ਸਾਰੀਆਂ ਸੁਵਿਧਾਵਾਂ ਦੇ ਹੱਕਦਾਰ ਹੁੰਦੇ ਹਨ ਜੋ ਐਨ ਆਰ ਆਈਜ ਨੂੰ ਪ੍ਰਾਪਤ ਹਨ। ਭਾਰਤ ਵਿਚ ਰਹਿੰਦੇ ਹੋਏ ਉਨ੍ਹਾਂ ਵਲੋਂ ਲਏ ਗਏ ਸਿੱਖਿਆ ਸਬੰਧੀ ਅਤੇ ਹੋਰ ਕਰਜ਼ੇ ਉਨ੍ਹਾਂ ਨੂੰ ਫੇਮਾ ਨਿਯਮਾਂ ਅਧੀਨ ਮਿਲਦੇ ਰਹਿਣਗੇ। |
| 14.ਅੰਤਰ ਰਾਸ਼ਟਰੀ ਕ੍ਰੈਡਿਟ ਕਾਰਡਸ | ਅਧਿਕ੍ਰਿਤ ਡੀਲਰ ਬੈਂਕਾਂ ਨੂੰ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਰਿਜ਼ਰਵ ਬੈਂਕ ਦੀ ਪਹਿਲਾਂ ਤੋਂ ਮਨਜ਼ੂਰੀ ਲਏ ਬਿਨਾਂ ਪ੍ਰਵਾਸੀ ਭਾਰਤੀਆਂ/ਭਾਰਤੀ ਮੂਲ ਦੇ ਵਿਅਕਤੀਆਂ ਨੂੰ ਅੰਤਰਰਾਸ਼ਟਰੀ ਕ੍ਰੈਡਿਟ ਕਾਰਡ ਜਾਰੀ ਕਰ ਸਕਦੇ ਹਨ। ਅਜਿਹੇ ਲੈਣ ਦੇਣ ਦਾ ਭੁਗਤਾਨ ਬਾਹਰੋਂ ਭੇਜੀ ਗਈ ਰਾਸ਼ੀ ਜਾਂ ਕਾਰਡ ਧਾਰਕ ਦੇ ਐਫ ਸੀ ਐਨ ਆਰ / ਐਨ ਆਰ ਆਈ/ ਐਨ ਆਰ ਓ ਖਾਤਿਆਂ ਵਿਚਲੇ ਬਕਾਏ ਵਿਚੋਂ ਕੀਤਾ ਜਾ ਸਦਾ ਹੈ। |
| 15. ਆਮਦਨ ਕਰ | ਅਧਿਕ੍ਰਿਤ ਡੀਲਰ ਬੈਂਕਾਂ ਵਲੋਂ (ਲਾਗੂ ਹੋਣ ਵਾਲੇ ਸਾਰੇ ਟੈਕਸਾਂ ਨੂੰ ਕੱਟਣ |

| | |
|---|---|
| | ਤੋਂ ਬਾਅਦ ) ਧੰਨ ਭਿਜਵਾਉਣ ਦੀ ਆਗਿਆ ਭਿਜਵਾਉਣ ਵਾਲੇ ਵਿਅਕਤੀ ਵਲੋਂ ਆਗਿਆ ਜ਼ਿੰਮੇਵਾਰੀ ਅਤੇ ਸੈਂਟ੍ਰਲ ਬੋਰਡ ਆਫ ਡਾਇਰੈਕਟ ਟੈਕਸਸ, ਵਿੱਤ ਮੰਤਰਾਲਿਆ, ਭਾਰਤ ਸਰਕਾਰ ਵਲੋਂ ਆਪਣੇ ਸਰਕੂਲਰ ਨੰ: 10/2002 ਮਿਤੀ 9 ਅਕਤੂਬਰ, 2002 (ਸੀ. ਐਫ. ਏ. ਪੀ.) (ਡੀਆਈਆਰ ਸੀਰੀਜ਼ ਸਰਕੂਲਰ ਨੰ: 56 ਮਿਤੀ 26 ਨਵੰਬਰ, 2002) ਦੁਆਰਾ ਨਿਰਧਾਰਿਤ ਫਾਰਮਾਂ ਉਤੇ ਚਾਰਟਡ ਅਕਾਉਟੈਂਡ ਦਾ ਸਰਟੀਫਿਕੇਟ ਪੇਸ਼ ਕਰਨ ਉਪਰੰਤ ਦਿੱਤੀ ਜਾ ਸਕਦੀ ਹੈ। |

## ਅੰਤਕਾ

## ਇਸ ਪ੍ਰਮੁੱਖ ਸਰਕੂਲਰ ਵਿਚ ਇਕੱਤਰ ਕੀਤੀਆਂ ਗਈਆਂ ਨੋਟੀਫਿਕੇਸ਼ਨਾਂ/ਸਰਕੂਲਰਾਂ ਦੀ ਸੂਚੀ

| ਲੜੀ ਨੰਃ | ਨੋਟੀਫਿਕੇਸ਼ਨ/ਸਰਕੂਲਰ | ਮਿਤੀ |
|---|---|---|
| *1.* | *ਨੰਃਫੇਮਾ-62/2002-ਆਰ ਬੀ* | *13 ਮਈ, 2002* |
| *2.* | *ਨੰਃਫੇਮਾ-97/2003-ਆਰ ਬੀ* | *8 ਜੁਲਾਈ, 2003* |
| *3.* | *ਨੰਃਫੇਮਾ-119/2004-ਆਰ ਬੀ* | *29 ਜੂਨ, 2004* |
| *1.* | *ਨੰਃਏ ਪੀ (ਡੀ ਆਈ ਆਰ ਸੀਰੀਜ਼) ਸਰਕੂਲਰ ਨੰਃ45* | *14 ਮਈ, 2002* |
| *2.* | *ਨੰਃਏ ਪੀ (ਡੀ ਆਈ ਆਰ ਸੀਰੀਜ਼) ਸਰਕੂਲਰ ਨੰਃ1* | *2 ਜੁਲਾਈ, 2002* |
| *3.* | *ਨੰਃਏ ਪੀ (ਡੀ ਆਈ ਆਰ ਸੀਰੀਜ਼) ਸਰਕੂਲਰ ਨੰਃ5* | *15 ਜੁਲਾਈ, 2002* |
| *4.* | *ਨੰਃਏ ਪੀ (ਡੀ ਆਈ ਆਰ ਸੀਰੀਜ਼) ਸਰਕੂਲਰ ਨੰਃ19* | *12 ਸਤੰਬਰ, 2002* |
| *5.* | *ਨੰਃਏ ਪੀ (ਡੀ ਆਈ ਆਰ ਸੀਰੀਜ਼) ਸਰਕੂਲਰ ਨੰਃ 26* | *28 ਸਤੰਬਰ, 2002* |
| *6.* | *ਨੰਃਏ ਪੀ (ਡੀ ਆਈ ਆਰ ਸੀਰੀਜ਼) ਸਰਕੂਲਰ ਨੰਃ 27* | *28 ਸਤੰਬਰ, 2002* |
| *7.* | *ਨੰਃਏ ਪੀ (ਡੀ ਆਈ ਆਰ ਸੀਰੀਜ਼) ਸਰਕੂਲਰ ਨੰਃ 56* | *26 ਨਵੰਬਰ, 2002* |
| *8.* | *ਨੰਃਏ ਪੀ (ਡੀ ਆਈ ਆਰ ਸੀਰੀਜ਼) ਸਰਕੂਲਰ ਨੰਃ 59* | *9 ਦਸੰਬਰ, 2002* |
| *9.* | *ਨੰਃਏ ਪੀ (ਡੀ ਆਈ ਆਰ ਸੀਰੀਜ਼) ਸਰਕੂਲਰ ਨੰਃ 67* | *13 ਜਨਵਰੀ, 2003* |
| *10.* | *ਨੰਃਏ ਪੀ (ਡੀ ਆਈ ਆਰ ਸੀਰੀਜ਼) ਸਰਕੂਲਰ ਨੰਃ 43* | *8 ਦਸੰਬਰ, 2003* |
| *11.* | *ਨੰਃਏ ਪੀ (ਡੀ ਆਈ ਆਰ ਸੀਰੀਜ਼) ਸਰਕੂਲਰ ਨੰਃ 45* | *8 ਦਸੰਬਰ, 2003* |
| *12.* | *ਨੰਃਏ ਪੀ (ਡੀ ਆਈ ਆਰ ਸੀਰੀਜ਼) ਸਰਕੂਲਰ ਨੰਃ 62* | *31 ਜਨਵਰੀ, 2004* |
| *13.* | *ਨੰਃਏ ਪੀ (ਡੀ ਆਈ ਆਰ ਸੀਰੀਜ਼) ਸਰਕੂਲਰ ਨੰਃ 43* | *13 ਮਈ, 2005* |
| *14.* | *ਨੰਃਏ ਪੀ (ਡੀ ਆਈ ਆਰ ਸੀਰੀਜ਼) ਸਰਕੂਲਰ ਨੰਃ 12* | *16 ਨਵੰਬਰ, 2006* |
| *15.* | *ਨੰਃਏ ਪੀ (ਡੀ ਆਈ ਆਰ ਸੀਰੀਜ਼) ਸਰਕੂਲਰ ਨੰਃ 64* | *25 ਮਈ, 2007* |